3-Jan-Loc.qxd 1/4/2022 1:43 AM Page 2












(1) ਜੰਮੂ ਵਿਖੇ ਕੋਰੋਨਾ ਰੋਕੂ ਟੀਕਾ ਲਗਾਉਣ ਤੋਂ ਬਾਅਦ ਜੇਤੂ ਨਿਸ਼ਾਨ ਬਣਾਉਂਦੇ ਹੋਏ ਵਿਦਿਆਰਥੀ। (2) ਅਹਿਮਦਾਬਾਦ ਵਿਖੇ ਵਿਦਿਆਰਥਣਾਂ ਦੇ ਕੋਵਿਡ-19 ਰੋਕੂ ਟੀਕੇ ਲਗਾਉਂਦੀ ਹੋਈ ਇਕ ਸਿਹਤ ਕਰਮੀ। (3) ਨਵੀਂ ਦਿੱਲੀ ’ਚ ਵੈਕਸੀਨ ਲਗਵਾਉਣ ਤੋਂ ਬਾਅਦ ਇਕ ਵਿਦਿਆਰਥਣ ਜੇਤੂ ਚਿੰਨ੍ਹ ਬਣਾਉਂਦੀ ਹੋਈ। (4) ਕੋਲਕਾਤਾ ਵਿਖੇ ਵੈਕਸੀਨ ਲਗਵਾਉਂਦੀ ਹੋਈ ਇਕ ਲੜਕੀ।




## ਬੁਲੀ ਬਾਈ ਐਪ ਵਿਵਾਦ: ਦਿੱਲੀ ਪੁਲਿਸ ਨੇ ਟਵਿੱਟਰ, ਗਿਟਹੱਬ ਤੋਂ ਜਾਣਕਾਰੀ ਮੰਗੀ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਦਿੱਲੀ ਪੁਲਿਸ ਨੇ ਵਿਵਾਦਤ ਮੋਬਾਈਲ ਐਪ ‘ਬੁਲੀ ਬਾਈ’ ਬਣਾਉਣ ਵਾਲਿਆਂ ਬਾਰੇ ਗਿਟਹੱਬ ਪਲੇਟਫਾਰਮ ਤੋਂ ਅਤੇ ਐਪ ਬਾਰੇ ਸਭ ਤੋਂ ਪਹਿਲਾਂ ਪੋਸਟ ਕਰਨ ਵਾਲੇ ਸ਼ਖ਼ਸ ਬਾਰੇ ਟਵਿੱਟਰ ਤੋਂ ਜਾਣਕਾਰੀ ਮੰਗੀ ਹੈ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਦਿੱਲੀ ਪੁਲਿਸ ਨੇ ਟਵਿੱਟਰ ਨੂੰ ‘ਬੁਲੀ ਬਾਈ’ ਐਪ ਨਾਲ ਸਾਂਝੀ ਕੀਤੀ ਗਈ ਕਿਸੇ ਵੀ ਇਤਰਾਜ਼ਯੋਗ ਸਮੱਗਰੀ ਨੂੰ ਉਸ ਦੇ ਪਲੇਟਫਾਰਮ ਤੋਂ ਹਟਾਉਣ ਅਤੇ ਉਸ ਉੱਪਰ ਰੋਕ ਲਗਾਉਣ ਲਈ ਵੀ ਕਿਹਾ ਹੈ। ਇਸ ਐਪ ’ਤੇ ਸੈਂਕੜੇ ਮੁਸਲਮਾਨ ਔਰਤਾਂ ਦੀਆਂ ਤਸਵੀਰਾਂ ‘ਨਿਲਾਮੀ’ ਲਈ ਪਾਈਆਂ ਗਈਆਂ ਹਨ, ਜਿਨ੍ਹਾਂ ’ਚ ਕੁਝ ਪ੍ਰਸਿੱਧ ਸ਼ਖ਼ਸੀਅਤਾਂ ਵੀ ਹਨ।

## ਦੇਸ਼ ਭਰ ’ਚ 15 ਤੋਂ 18 ਸਾਲ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ

(ਸਫ਼ਾ 1 ਦੀ ਬਾਕੀ)

ਮੰਤਰਾਲੇ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਮੱਦੇਨਜ਼ਰ ਇਸ ਉਮਰ ਦੇ ਬੱਚਿਆਂ ਨੂੰ ‘ਕੋਵੈਕਸਿਨ’ ਦੇ ਟੀਕੇ ਲਗਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਡੀ.ਸੀ.ਜੀ.ਆਈ. ਨੇ 24 ਦਸੰਬਰ ਨੂੰ ਸਵਦੇਸ਼ੀ ਦਵਾਈ ਕੰਪਨੀ ਭਾਰਤ-ਬਾਇਓਟੈੱਕ ਦੀ ਵੈਕਸੀਨ ‘ਕੋਵੈਕਸਿਨ’ ਨੂੰ ਕੁਝ ਨਿਸ਼ਚਿਤ ਸ਼ਰਤਾਂ ਨਾਲ 12 ਸਾਲ ਤੋਂ

ਵੀਡੀਓ ਵੇਖਣ ਲਈ QR ਕੋਡ ਸਕੈਨ ਕਰੋ

ਵੱਧ ਉਮਰ ਦੇ ਬੱਚਿਆਂ ਨੂੰ ਹੰਗਾਮੀ ਹਾਲਤ ’ਚ ਲਗਾਉਣ ਦੀ ਮਨਜ਼ੂਰੀ ਦਿੱਤੀ ਸੀ। ਇਸ ਉਮਰ ਵਰਗ ਦੀ ਟੀਕਾਕਰਨ ਮੁਹਿੰਮ ਲਈ ਕੋਵਿਨ ਐਪਲੀਕੇਸ਼ਨ ’ਤੇ ਸੋਮਵਾਰ ਸ਼ਾਮ ਤੱਕ 51 ਲੱਖ ਤੋਂ ਵੱਧ ਬੱਚਿਆਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ, ਜਦਕਿ ਇਕ ਅੰਦਾਜ਼ੇ ਮੁਤਾਬਿਕ ਦੇਸ਼ ਭਰ ’ਚ ਇਸ ਉਮਰ ਵਰਗ ’ਚ 7.4 ਕਰੋੜ ਬੱਚੇ ਹਨ। ਅੱਜ ਪਹਿਲੇ ਦਿਨ 40 ਲੱਖ ਤੋਂ ਵੱਧ ਬੱਚਿਆਂ ਨੂੰ ਕੋਰੋਨਾ ਰੋਕੂ ਟੀਕੇ ਦੀ ਪਹਿਲੀ ਖ਼ੁਰਾਕ ਲਗਾਈ ਗਈ। ਟੀਕਾ ਲਗਵਾਉਣ ਵਾਲੇ ਬੱਚਿਆਂ ਦੇ ਮਾਪਿਆਂ ਨੇ ਸਰਕਾਰ ਵਲੋਂ ਇਸ ਉਮਰ ਵਰਗ ਲਈ ਸ਼ੁਰੂ ਕੀਤੀ ਟੀਕਾਕਰਨ ਮੁਹਿੰਮ ’ਤੇ ਸੁੱਖ ਦਾ ਸਾਹ ਲਿਆ ਹੈ।

## ਪੰਜਾਬ ’ਚ ਸੋਨੀ ਵਲੋਂ ਟੀਕਾਕਰਨ ਦੀ ਸ਼ੁਰੂਆਤ

(ਸਫ਼ਾ 1 ਦੀ ਬਾਕੀ)

ਵੈਕਸੀਨ ਲਗਾਉਣ ਦੀ ਅੱਜ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਕੋਰੋਨਾ ਨਾਲ ਲੜਨ ਲਈ ਹਰ ਤਰ੍ਹਾਂ ਦੇ ਟਾਕਰੇ ਲਈ ਤਿਆਰ ਹੈ, ਪਰ ਸਾਨੂੰ ਸਾਰਿਆਂ ਨੂੰ ਇਸ ਲਈ ਕਾਰਗਰ ਹਥਿਆਰ, ਜੋ ਕਿ ਵੈਕਸੀਨ ਹੀ ਹੈ, ਨੂੰ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ’ਚ 1 ਲੱਖ 12 ਹਜ਼ਾਰ ਬੱਚੇ ਇਸ ਉਮਰ ਵਰਗ ’ਚ ਆਉਂਦੇ ਹਨ, ਜਿਨ੍ਹਾਂ ਨੂੰ ਇਹ ਟੀਕਾ ਲਗਾਇਆ ਜਾਣਾ ਹੈ। ਉਨ੍ਹਾਂ ਇਸ ਮੁਹਿੰਮ ’ਚ ਲੱਗੇ ਸਿਹਤ ਕਾਮਿਆਂ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੀ ਕੋਸ਼ਿਸ਼ ਨਾਲ ਅਸੀਂ ਜ਼ਿਲ੍ਹੇ ’ਚ 85 ਫੀਸਦੀ ਯੋਗ ਅਬਾਦੀ ਨੂੰ ਕੋਰੋਨਾ ਦੇ ਟੀਕੇ ਦੀ ਪਹਿਲੀ ਡੋਜ਼ ਲਗਾਈ ਹੈ ਤੇ 45 ਫੀਸਦੀ ਦੇ ਕਰੀਬ ਨੂੰ ਦੂਸਰੀ ਡੋਜ਼ ਲਗਾ ਕੇ ਕੋਰੋਨਾ ਵਿਰੁੱਧ ਲੜਨ ਲਈ ਤਿਆਰ ਕਰ ਲਿਆ ਹੈ। ਸ੍ਰੀ ਸੋਨੀ ਨੇ ਟੀਕਾਕਰਨ ਤੋਂ ਵਾਂਝੇ ਰਹਿ ਗਏ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੋਰੋਨਾ ਤੋਂ ਖੁਦ ਨੂੰ ਬਚਾਉਣ ਲਈ ਵੈਕਸੀਨ ਜ਼ਰੂਰ ਲਗਵਾਉਣ। ਇਸ ਮੌਕੇ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ, ਪੁਲਿਸ ਕਮਿਸ਼ਨਰ ਡਾ: ਸੁਖਚੈਨ ਸਿੰਘ, ਐਮ.ਡੀ. ਸਿਹਤ ਕਾਰਪੋਰੇਸ਼ਨ ਭੁਪਿੰਦਰ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਜੀ. ਬੀ. ਸਿੰਘ ਤੇ ਹੋਰ ਹਾਜ਼ਰ ਸਨ।




ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਬੱਚਿਆਂ ਨੂੰ ਕੋਰੋਨਾ ਵੈਕਸੀਨ ਲਗਾਉਣ ਦੀ ਸ਼ੁਰੂਆਤ ਕਰਦੇ ਉਪ-ਮੁੱਖ ਮੰਤਰੀ ਓ. ਪੀ. ਸੋਨੀ। ਤਸਵੀਰ : ਹਰਜੀਤ ਸਿੰਘ

## ਸਰਕਾਰ ਆਉਣ ’ਤੇ ਘਰੇਲੂ ਔਰਤਾਂ...

(ਸਫ਼ਾ 1 ਦੀ ਬਾਕੀ)

ਸਿੱਧੂ ਨੇ ਕਿਹਾ ਕਿ ਔਰਤਾਂ ਦੇ ਨਾਂਅ ਜਾਇਦਾਦ ਕਰਨ ’ਤੇ ਤਹਿਸੀਲ ’ਚ ਕੋਈ ਫ਼ੀਸ ਨਹੀਂ ਲੱਗੇਗੀ ਤੇ ਰਜਿਸਟਰੀ ਮੁਫ਼ਤ ਹੋਵੇਗੀ। ਇਸ ਤੋਂ ਇਲਾਵਾ 23 ਜ਼ਿਲ੍ਹਿਆਂ ’ਚ ਕਿੱਤਾ ਮੁਖੀ ਸੈਂਟਰ ਖੋਲ੍ਹੇ ਜਾਣਗੇ।

## ਭਾਰਤ ਸਾਰਕ ਸੰਮੇਲਨ ’ਚ ਵਰਚੁਅਲੀ ਸ਼ਾਮਿਲ ਹੋ ਸਕਦਾ ਹੈ-ਕੁਰੈਸ਼ੀ



ਇਸਲਾਮਾਬਾਦ, 3 ਜਨਵਰੀ (ਏਜੰਸੀ)-ਪਾਕਿਸਤਾਨ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 19ਵੇਂ ਸਾਰਕ ਸੰਮੇਲਨ ’ਚ ਸ਼ਾਮਿਲ ਹੋਣ ਲਈ ਇਸਲਾਮਾਬਾਦ ਨਹੀਂ ਆ ਸਕਦੇ, ਤਾਂ ਭਾਰਤ ਸਾਰਕ ਸੰਮੇਲਨ ’ਚ ਵਰਚੁਅਲੀ ਤੌਰ ’ਤੇ ਸ਼ਾਮਿਲ ਹੋ ਸਕਦਾ ਹੈ। ਪਾਕਿਸਤਾਨ ਸਾਰਕ ਨੂੰ ਅਹਿਮ ਮੰਚ ਮੰਨਦਾ ਹੈ। ਪਾਕਿ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਸੋਮਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਸਲਾਮਾਬਾਦ ਸਾਰਕ ਸੰਮੇਲਨ ਦੀ ਮੇਜ਼ਬਾਨੀ ਕਰਨ ਦਾ ਇੱਛੁਕ ਹੈ ਅਤੇ ਜੇਕਰ ਭਾਰਤ ਨੂੰ ਇਸ ਸਮਿਟ ’ਚ ਵਿਅਕਤੀਗਤ ਤੌਰ ’ਤੇ ਸ਼ਾਮਿਲ ਹੋਣ ਦੀ ਕੋਈ ਸਮੱਸਿਆ ਹੈ ਤਾਂ ਉਹ ਵਰਚੁਅਲੀ ਤੌਰ ’ਤੇ ਸ਼ਾਮਿਲ ਹੋ ਸਕਦਾ ਹੈ। ਇਸਲਾਮਾਬਾਦ ਨੇ ਸਾਲ ਨਵੰਬਰ 2016 ’ਚ ਸਾਰਕ ਸੰਮੇਲਨ ਦੀ ਮੇਜ਼ਬਾਨੀ ਕਰਨੀ ਸੀ, ਪਰ ਦੋਵਾਂ ਦੇਸ਼ਾਂ ’ਚ ਤਣਾਅ ਕਾਰਨ ਭਾਰਤ ਨੇ ਬਾਈਕਾਟ ਕਰ ਦਿੱਤਾ ਸੀ।

## ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ 5ਵੇਂ ਤਖ਼ਤ ਵਜੋਂ ਦਿੱਲੀ ਕਮੇਟੀ ਐਕਟ ’ਚ ਸ਼ਾਮਿਲ ਕਰਨ ਦੀ ਤਜਵੀਜ਼ ਪਾਸ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦਿੱਲੀ ਵਿਧਾਨ ਸਭਾ ਵਲੋਂ ਦਿੱਲੀ ਸਿੱਖ ਗੁਰਦੁਆਰਾ ਸੋਧ ਬਿੱਲ 2022 ਪਾਸ ਕਰ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ 5ਵੇਂ ਤਖਤ ਵਜੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ’ਚ ਸ਼ਾਮਿਲ ਕਰਨ ਦੀ ਤਜਵੀਜ਼ ਪਾਸ ਕਰਨ ਦਾ ਸਵਾਗਤ ਕੀਤਾ ਹੈ ਤੇ ਦਿੱਲੀ ਦੀਆਂ ਸੰਗਤਾਂ ਨੂੰ ਇਸ ਦੀ ਵਧਾਈ ਦਿੱਤੀ ਹੈ। ਸ. ਕਾਲਕਾ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ 5ਵੇਂ ਤਖ਼ਤ ਵਜੋਂ ਦਿੱਲੀ ਗੁਰਦੁਆਰਾ ਕਮੇਟੀ ਐਕਟ ’ਚ ਸ਼ਾਮਿਲ ਕਰਨ ਦੀ ਮੰਗ ਬਹੁਤ ਲੰਬੇ ਸਮੇਂ ਤੋਂ ਸੰਗਤਾਂ ਵਲੋਂ ਕੀਤੀ ਜਾ ਰਹੀ ਸੀ ਤੇ ਉਹ ਖੁਦ ਇਸ ਮਾਮਲੇ ’ਚ ਕੇਂਦਰੀ ਗ੍ਰਹਿ ਸਕੱਤਰ ਨੂੰ ਵੀ ਮਿਲੇ ਸਨ ਤੇ ਦਿੱਲੀ ਸਰਕਾਰ ਨੂੰ ਇਸ ਮਾਮਲੇ ’ਚ ਚਿੱਠੀ ਪਾਈ ਸੀ। ਸ. ਕਾਲਕਾ ਨੇ ਕਿਹਾ ਕਿ ਹੁਣ ਜਦੋਂ ਦਿੱਲੀ ਵਿਧਾਨ ਸਭਾ ਨੇ ਇਹ ਸੋਧ ਦੀ ਤਜਵੀਜ਼ ਪਾਸ ਕਰ ਦਿੱਤੀ ਹੈ ਤਾਂ ਇਹ ਤਜਵੀਜ਼ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਮਨਜ਼ੂਰੀ ਵਾਸਤੇ ਜਾਵੇਗੀ ਤੇ ਮਨਜ਼ੂਰੀ ਮਿਲਣ ਮਗਰੋਂ ਸਿੱਖਾਂ ਦੇ 5ਵੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਕਮੇਟੀ ਦੇ ਜਨਰਲ ਹਾਊਸ ਦਾ ਮੈਂਬਰ ਬਣ ਸਕਣਗੇ। ਦਿੱਲੀ ਕਮੇਟੀ ’ਚ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਦੀ ਗਿਣਤੀ 9 ਹੈ, ਜੋ ਹੁਣ 10 ਹੋ ਜਾਵੇਗੀ। ਹੁਣ ਤੱਕ ਸਿਰਫ ਚਾਰ ਤਖ਼ਤਾਂ ਦੇ ਜਥੇਦਾਰ ਹੀ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਨਾਮਜ਼ਦ ਹੁੰਦੇ ਸਨ।

## ਨੌਸ਼ਹਿਰਾ ਪੰਨੂੰਆਂ ਨੇੜੇ ਸੜਕ ਹਾਦਸੇ ’ਚ...

(ਸਫ਼ਾ 1 ਦੀ ਬਾਕੀ)

ਲਿਜਾ ਰਹੀ ਟਰਾਲੀ ਨਾਲ ਪਿੱਛਿਓਂ ਜਾ ਟਕਰਾਈ। ਟੱਕਰ ਏਨੀ ਜ਼ਬਰਦਸਤ ਸੀ ਕਿ ਅੱਧੀ ਕਾਰ ਤਹਿਸ-ਨਹਿਸ ਹੋ ਗਈ। ਟੱਕਰ ਦਾ ਕਾਰਨ ਟਰਾਲੀ ਦੇ ਖੱਬੇ ਪਾਸੇ ਜਾਣ ਦੀ ਬਜਾਇ ਸੱਜੇ ਹੱਥ ਜਾਣਾ ਬਣਿਆ। ਇਸ ਸੜਕ ਹਾਦਸੇ ’ਚ ਪਿੰਡ ਕਟੋਰੇਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚਾਨਣ ਸਿੰਘ (62) ਪੁੱਤਰ ਮੋਹਨ ਸਿੰਘ, ਦਵਿੰਦਰ ਕੌਰ (50) ਪਤਨੀ ਚਾਨਣ ਸਿੰਘ, ਅਜੈਪਾਲ ਸਿੰਘ (32) ਪੁੱਤਰ ਸੁਖਵੰਤ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਨਵ-ਵਿਆਹੁਤਾ ਗਗਨਦੀਪ ਕੌਰ ਨੇ ਕੁਝ ਦੇਰ ਬਾਅਦ ਦਮ ਤੋੜ ਦਿੱਤਾ ਅਤੇ ਚਾਨਣ ਸਿੰਘ ਦਾ ਪੁੱਤਰ ਨਵ-ਵਿਆਹਿਆ ਪੁੱਤਰ ਅਨਮੋਲਦੀਪ ਸਿੰਘ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ’ਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਥਾਣਾ ਸਰਹਾਲੀ ਦੀ ਪੁਲਿਸ ਨੇ ਕਾਰਵਾਈ ਕਰਦਿਆਂ ਮ੍ਰਿਤਕਾਂ ਦਾ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ਾਂ ਵਾਰਸਾਂ ਹਵਾਲੇ ਕਰ ਦਿੱਤੀਆਂ।



ਸੜਕ ਹਾਦਸੇ ’ਚ ਨੁਕਸਾਨੀ ਕਾਰ ਅਤੇ ਟਰਾਲੀ ਦੀ ਤਸਵੀਰ। ਤਸਵੀਰ : ਅਜੈ ਸਿੰਘ ਹੁੰਦਲ

## ਖੇਤੀ ਕਾਨੂੰਨਾਂ ਦੇ ਮੁੱਦੇ ’ਤੇ ਘਮੰਡ ’ਚ ਸਨ ਮੋਦੀ...

(ਸਫ਼ਾ 1 ਦੀ ਬਾਕੀ)

ਲਈ ਹੀ ਮਰੇ ਹਨ ਕਿਉਂਕਿ ਤੁਸੀਂ ਰਾਜਾ ਜੋ ਬਣੇ ਹੋਏ ਹੋ, ਇਸ ਨੂੰ ਲੈ ਕੇ ਮੇਰਾ ਮੋਦੀ ਨਾਲ ਝਗੜਾ ਹੋ ਗਿਆ’। ਮਲਿਕ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਕਿ ਹੁਣ ਤੁਸੀਂ ਅਮਿਤ ਸ਼ਾਹ ਨੂੰ ਮਿਲ ਲਵੋ, ਜਿਸ ਤੋਂ ਬਾਅਦ ਮੈਂ ਅਮਿਤ ਸ਼ਾਹ ਨੂੰ ਮਿਲਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਇਕ ਕੁੱਤਾ ਵੀ ਮਰਦਾ ਹੈ ਤਾਂ ਪ੍ਰਧਾਨ ਮੰਤਰੀ ਸ਼ੋਕ ਸੰਦੇਸ਼ ਭੇਜਦੇ ਹਨ, ਪਰ ਕਿਸਾਨਾਂ ਦੀ ਮੌਤ ’ਤੇ ਉਹ ਚੁੱਪ ਹਨ।

### ਬਾਅਦ ਵਿਚ ਦਿੱਤੀ ਸਫ਼ਾਈ

ਮਲਿਕ ਨੇ ਹਾਲਾਂਕਿ ਬਾਅਦ ਵਿਚ ਸਫ਼ਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਕੁਝ ਗਲਤ ਕਿਹਾ। ਮਲਿਕ ਨੇ ਇਹ ਜ਼ਰੂਰ ਕਿਹਾ ਸੀ ਕਿ ਕੁਝ ਲੋਕ ਪ੍ਰਧਾਨ ਮੰਤਰੀ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਸੀ ਕਿ ਤੁਸੀਂ ਮਿਲਦੇ ਰਹੋ, ਇਕ ਦਿਨ ਉਨ੍ਹਾਂ ਨੂੰ ਗੱਲ ਸਮਝ ਆ ਜਾਵੇਗੀ।

### ਕੀ ਮਲਿਕ ਦੇ ਬਿਆਨ ਸੱਚ ਹਨ ?-ਕਾਂਗਰਸ

ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਟਵਿੱਟਰ ’ਤੇ ਮਲਿਕ ਦੀ ਵੀਡੀਓ ਕਲਿੱਪ ਵੀ ਸਾਂਝੀ ਕੀਤੀ ਹੈ। ਵੀਡੀਓ ’ਚ ਮਲਿਕ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਜਦੋਂ ਉਹ ਕਿਸਾਨਾਂ ਦੇ ਮੁੱਦੇ ’ਤੇ ਪ੍ਰਧਾਨ ਮੰਤਰੀ ਨੂੰ ਮਿਲਣ ਗਏ ਸਨ ਤਾਂ ਮੋਦੀ ਘਮੰਡ ’ਚ ਸੀ ਤੇ 5 ਮਿੰਟਾਂ ’ਚ ਉਨ੍ਹਾਂ ਦੀ ਮੋਦੀ ਨਾਲ ਲੜਾਈ ਹੋ ਗਈ ਸੀ। ਸ੍ਰੀ ਖੜਗੇ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਪ੍ਰਧਾਨ ਮੰਤਰੀ ਨੂੰ ਪਾਗਲ (ਮੈਡ) ਕਿਹਾ। ਸੰਵਿਧਾਨਕ ਅਹੁਦਿਆਂ ’ਤੇ ਬੈਠੇ ਲੋਕ ਇਕ ਦੂਜੇ ਲਈ ਇਸ ਤਰ੍ਹਾਂ ਬੋਲ ਰਹੇ ਹਨ।



ਸਾਂਬਾ ਸੈਕਟਰ ’ਚ ਅੰਤਰਰਾਸ਼ਟਰੀ ਸਰਹੱਦ ਨੇੜਿਓਂ ਬਰਾਮਦ ਹਥਿਆਰ ਤੇ ਗੋਲੀ-ਸਿੱਕਾ ਵਿਖਾਉਂਦੇ ਬੀ.ਐਸ.ਐਫ. ਦੇ ਅਧਿਕਾਰੀ।

## ਮਲੋਟ ਲਾਗਲੇ ਪਿੰਡ ਕਟੋਰੇਵਾਲਾ ਦੇ ਵਸਨੀਕ ਸਨ ਮ੍ਰਿਤਕ

ਮਲੋਟ, 3 ਜਨਵਰੀ (ਪਾਟਿਲ)-ਨੌਸ਼ਹਿਰਾ ਪਨੂੰਆਂ ਲਾਗੇ ਭਿਆਨਕ ਸੜਕ ਹਾਦਸੇ ’ਚ ਮਰਨ ਵਾਲੇ ਇਕੋ ਪਰਿਵਾਰ ਦੇ 4 ਜੀਅ ਮਲੋਟ ਲਾਗਲੇ ਪਿੰਡ ਕਟੋਰੇਵਾਲਾ ਦੇ ਵਾਸੀ ਸਨ। ਜਾਣਕਾਰੀ ਅਨੁਸਾਰ ਚਾਨਣ ਸਿੰਘ ਆਪਣੇ ਪਰਿਵਾਰ ਦੇ ਜੀਆਂ ਪਤਨੀ ਦਵਿੰਦਰ ਕੌਰ, ਨਵੇਂ ਵਿਆਹੇ ਆਪਣੇ ਪੁੱਤਰ ਅਨਮੋਲਦੀਪ ਸਿੰਘ, ਨੂੰਹ ਗਗਨਦੀਪ ਕੌਰ ਤੇ ਭਤੀਜੇ ਅਜੈਪਾਲ ਸਿੰਘ ਗੋਲਾ ਨਾਲ ਸੋਮਵਾਰ ਸਵੇਰੇ ਪਿੰਡ ਕਟੋਰੇਵਾਲਾ ਤੋਂ ਆਲਟੋ ਕਾਰ ਰਾਹੀਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਦੇ ਦਰਸ਼ਨ ਕਰਨ ਲਈ ਗਿਆ ਸੀ। ਪਿੰਡ ਵਾਸੀਆਂ ਅਨੁਸਾਰ ਪਰਿਵਾਰ ਨੇ ਪਹਿਲਾਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਦੇ ਦਰਸ਼ਨਾਂ ਉਪਰੰਤ ਚਾਨਣ ਸਿੰਘ ਦੀ ਲੜਕੀ ਦੇ ਸਹੁਰੇ ਘਰ ਇਕ ਸਮਾਗਮ ’ਚ ਸ਼ਾਮਿਲ ਹੋਣ ਲਈ ਪੁੱਜਣਾ ਸੀ। ਚਾਨਣ ਸਿੰਘ ਦੀ ਲੜਕੀ ਆਪਣੇ ਭਰਾ ਦੇ ਵਿਆਹ ’ਚ ਸ਼ਾਮਿਲ ਹੋਣ ਲਈ ਬੀਤੇ ਦਿਨੀਂ ਹੀ ਇੰਗਲੈਂਡ ਤੋਂ ਆਈ ਸੀ ਤੇ ਅੱਜ ਪਰਿਵਾਰ ਨੇ ਵਿਆਹ ਤੋਂ ਬਾਅਦ ਪਹਿਲੀ ਵਾਰੀ ਲੜਕੀ ਦੇ ਸਹੁਰੇ ਪਰਿਵਾਰ ਜਾਣਾ ਸੀ। ਇਸ ਭਿਆਨਕ ਸੜਕ ਹਾਦਸੇ ਤੋਂ ਬਾਅਦ ਪਿੰਡ ਕਟੋਰੇਵਾਲਾ ’ਚ ਮਾਤਮ ਛਾ ਗਿਆ। ਮ੍ਰਿਤਕ ਚਾਨਣ ਸਿੰਘ ਦੀ ਬਜ਼ੁਰਗ ਮਾਤਾ ਗੁਰਬਚਨ ਕੌਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਪਰਿਵਾਰ ’ਚ ਹੁਣ ਸਿਰਫ ਪੋਤਾ ਅਨਮੋਲਦੀਪ ਸਿੰਘ ਹੀ ਉਸ ਦਾ ਸਹਾਰਾ ਹੈ, ਜੋ ਗੰਭੀਰ ਰੂਪ ’ਚ ਜ਼ਖ਼ਮੀ ਹਾਲਤ ਵਿਚ ਅੰਮ੍ਰਿਤਸਰ ਵਿਖੇ ਜ਼ੇਰੇ ਇਲਾਜ ਹੈ। ਬਜ਼ੁਰਗ ਮਾਤਾ ਗੁਰਬਚਨ ਕੌਰ ਦੇ ਪਤੀ ਦੀ ਵੀ ਮੌਤ ਹੋ ਚੁੱਕੀ ਹੈ ਤੇ ਇਕ ਪੁੱਤਰ ਦੀ ਪਹਿਲਾਂ ਹੀ ਮੌਤ ਹੋ ਗਈ ਸੀ। ਅੱਜ ਵਾਪਰੇ ਹਾਦਸੇ ’ਚ ਉਸ ਦੇ ਦੂਸਰੇ ਪੁੱਤਰ ਚਾਨਣ ਸਿੰਘ ਦੀ ਵੀ ਮੌਤ ਹੋ ਗਈ ਹੈ। ਪਰਿਵਾਰ, ਜੋ ਬੀਤੇ ਦਿਨਾਂ ਤੋਂ ਵਿਆਹ ਦੀਆਂ ਖ਼ੁਸ਼ੀਆਂ ਮਨਾ ਰਿਹਾ ਸੀ, ’ਚ ਹਾਦਸੇ ਤੋਂ ਬਾਅਦ ਮਾਤਮ ਛਾ ਗਿਆ।




## ਸਾਂਬਾ ਸੈਕਟਰ ’ਚ 3 ਏ.ਕੇ. ਰਾਈਫਲਾਂ ਸਮੇਤ ਭਾਰੀ ਅਸਲ੍ਹਾ ਤੇ ਹੈਰੋਇਨ ਬਰਾਮਦ

ਸ੍ਰੀਨਗਰ, 3 ਜਨਵਰੀ (ਮਨਜੀਤ ਸਿੰਘ)-ਸਰਹੱਦੀ ਸੁਰੱਖਿਆ ਬਲ (ਬੀ.ਐਸ.ਐਫ.) ਨੇ ਅੱਜ ਜੰਮੂ-ਕਸ਼ਮੀਰ ਦੇ ਜੰਮੂ ਜ਼ਿਲ੍ਹੇ ਦੇ ਸਾਂਬਾ ਸੈਕਟਰ ’ਚ ਭਾਰੀ ਅਸਲ੍ਹਾ ਤੇ ਹੈਰੋਇਨ ਦੀ ਖੇਪ ਬਰਾਮਦ ਕੀਤੀ ਹੈ। ਸੂਤਰਾਂ ਨੇ ਦੱਸਿਆ ਕਿ ਬੀ.ਐਸ.ਐਫ. ਦੀ ਇਕ ਗਸ਼ਤੀ ਪਾਰਟੀ ਨੇ ਸੋਮਵਾਰ ਸਵੇਰੇ ਸਾਂਬਾ ਸੈਕਟਰ ਦੇ ਚਮਲੀਆਲ ਖੇਤਰ ਦੀ 35 ਨੰਬਰ ਚੌਕੀ ਨੇੜੇ ਝਾੜੀਆਂ ’ਚ ਲੁਕਾ ਕੇ ਰੱਖਿਆ ਇਕ ਸ਼ੱਕੀ ਬੈਗ (ਬੋਰੀ) ਬਰਾਮਦ ਕੀਤਾ, ਜਿਸ ਦੀ ਤਲਾਸ਼ੀ ਦੌਰਾਨ ਉਸ ’ਚੋਂ 3 ਏ. ਕੇ. ਰਾਈਫਲਾਂ, 5 ਏ.ਕੇ ਮੈਗਜ਼ੀਨ, 4 ਚੀਨੀ ਪਿਸਤੌਲ, ਪਿਸਤੌਲਾਂ ਦੇ 7 ਮੈਗਜ਼ੀਨ ਤੇ ਗੋਲਾ-ਬਾਰੂਦ ਤੋਂ ਇਲਾਵਾ 5 ਪੈਕਟ ਹੈਰੋਇਨ ਬਰਾਮਦ ਹੋਏ। ਇਹ ਅਸਲ੍ਹਾ ਤੇ ਨਸ਼ੀਲਾ ਪਦਾਰਥ ਜਿਸ ਬੋਰੀ ’ਚੋਂ ਬਰਾਮਦ ਹੋਇਆ, ਉਸ ’ਤੇ ਕਰਾਚੀ ਫਰਟੀਲਾਈਜ਼ਰ ਕੰਪਨੀ ਲਿ: ਦਾ ਮਾਰਕਾ ਲੱਗਾ ਹੋਇਆ ਹੈ। ਬੀ.ਐਸ.ਐਫ. ਵਲੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਸਲ੍ਹਾ ਤੇ ਨਸ਼ੇ ਦੀ ਭਾਰੀ ਖੇਪ ਡਰੋਨ ਦੁਆਰਾ ਸੁੱਟੀ ਗਈ ਹੈ ਜਾਂ ਕੋਈ ਤਸਕਰ ਇਨ੍ਹਾਂ ਨੂੰ ਸਰੱਹਦ ਪਾਰੋਂ ਲਿਆ ਕੇ ਕਿਤੇ ਅੱਗੇ ਲਿਜਾਣ ਲਈ ਹਾਲ ਦੀ ਘੜੀ ਇਥੇ ਲੁਕਾ ਕੇ ਰੱਖ ਗਿਆ ਹੈ।

## ਭਾਖੜਾ ਨਹਿਰ ’ਚ ਡਿੱਗੀ ਕਾਰ ਮਾਂ-ਧੀ ਦੀ ਮੌਤ,...

(ਸਫ਼ਾ 1 ਦੀ ਬਾਕੀ)

ਜਦਕਿ ਜਸਵਿੰਦਰ ਗਰਗ, ਪੀਰੂ ਤੇ ਈਸ਼ਾ ਦੀ ਭਾਲ ਹਾਲੇ ਗੋਤਾਖੋਰਾਂ ਵਲੋਂ ਕੀਤੀ ਜਾ ਰਹੀ ਹੈ। ਇਸ ਸੰਬੰਧੀ ਥਾਣਾ ਪਸਿਆਣਾ ਦੇ ਮੁਖੀ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਰਾਤ 12 ਵਜੇ ਦੇ ਕਰੀਬ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕ ਕਾਰ ਪਸਿਆਣਾ ਪੁਲ ਨੇੜੇ ਭਾਖੜਾ ਨਹਿਰ ’ਚ ਡਿੱਗ ਗਈ ਹੈ, ਜਿਸ ਉਪਰੰਤ ਉਨ੍ਹਾਂ ਮੌਕੇ ’ਤੇ ਪਹੁੰਚ ਕੇ ਗੋਤਾਖੋਰਾਂ ਦੀ ਸਹਾਇਤਾ ਨਾਲ ਸਵੇਰੇ ਕਾਰ ਨੂੰ ਨਹਿਰ ’ਚੋਂ ਬਾਹਰ ਕਢਵਾਇਆ। ਉਨ੍ਹਾਂ ਕਿਹਾ ਕਿ ਇਹ ਹਾਦਸਾ ਕਿਵੇਂ ਵਾਪਰਿਆ ਹੈ ਇਸ ਸੰਬੰਧੀ ਹਾਲੇ ਉਹ ਪੜਤਾਲ ਕਰ ਰਹੇ ਹਨ। ਫਿਲਹਾਲ ਪੁਲਿਸ ਨੇ 174 ਦੀ ਕਾਰਵਾਈ ਕਰਦਿਆਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਮਨਸਾ ਦੇਵੀ ਮੱਥਾ ਟੇਕ ਕੇ ਵਾਪਸ ਆ ਰਿਹਾ ਸੀ ਰਾਮਪੁਰਾ ਫੂਲ ਦਾ ਪਰਿਵਾਰ

ਰਾਮਪੁਰਾ ਫੂਲ, (ਨਰਪਿੰਦਰ ਸਿੰਘ ਧਾਲੀਵਾਲ)-ਜਾਣਕਾਰੀ ਅਨੁਸਾਰ ਰਾਮਪੁਰਾ ਫੂਲ ਦੇ ਜਸਵਿੰਦਰ ਕੁਮਾਰ ਉਰਫ ਬਬਲੀ

ਵੀਡੀਓ ਵੇਖਣ ਲਈ QR ਕੋਡ ਸਕੈਨ ਕਰੋ

ਬਾਹੀਆ (52) ਪੁੱਤਰ ਮੋਹਨ ਲਾਲ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਨੀਲਮ (50), ਪੁੱਤਰੀ ਸਮੀਤਾ (26), ਪੁੱਤਰੀ ਈਸ਼ਾ (24) ਤੇ ਪੁੱਤਰ ਪੀਰੂ (9), ਸਮੀਤਾ ਨੂੰ ਨੌਕਰੀ ਮਿਲਣ ਦੀ ਖ਼ੁਸ਼ੀ ’ਚ ਮਾਤਾ ਦੇ ਦਰਸ਼ਨ ਲਈ ਗਏ ਸੀ। ਉਕਤ ਘਟਨਾ ਦਾ ਪਤਾ ਲਗਦਿਆਂ ਹੀ ਰਾਮਪੁਰਾ ਫੂਲ ਸ਼ਹਿਰ ਸ਼ੋਕ ’ਚ ਡੁੱਬ ਗਿਆ। ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸ਼ਹਿਰੀ ਕਾਂਗਰਸ ਪ੍ਰਧਾਨ ਸੁਨੀਲ ਬਿੱਟਾ, ਚੇਅਰਮੈਨ ਸੰਜੀਵ ਢੀਂਗਰਾ ਤੇ ਹੋਰਨਾਂ ਨੇ ਬਾਹੀਆ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

## ਪੰਜਾਬ ਸਮੇਤ ਵੋਟਾਂ ਵਾਲੇ...

(ਸਫ਼ਾ 1 ਦੀ ਬਾਕੀ)

ਕਮਿਸ਼ਨ ਨੇ ਇਹ ਵੀ ਕਿਹਾ ਕਿ ਉਕਤ ਸੂਬਿਆਂ ’ਚ ਜਿਨ੍ਹਾਂ ਪੋਲਿੰਗ ਮੁਲਾਜ਼ਮਾਂ ਦੀ ਤਾਇਨਾਤੀ ਹੋਣੀ ਹੈ, ਉਨ੍ਹਾਂ ਦਾ ਪੂਰਨ ਟੀਕਾਕਰਨ ਹੋਇਆ ਹੋਵੇ ਅਤੇ ਜਿਹੜੇ ਦੂਸਰੀ ਡੋਜ਼ ਦੇ ਯੋਗ ਹਨ ਉਨ੍ਹਾਂ ਦੇ ਪਹਿਲ ਦੇ ਆਧਾਰ ’ਤੇ ਵੈਕਸੀਨ ਲਗਾਈ ਜਾਵੇ। ਦੱਸਣਯੋਗ ਹੈ ਕਿ ਪੰਜਾਬ, ਗੋਆ ਤੇ ਮਨੀਪੁਰ ਵਿਧਾਨ ਸਭਾਵਾਂ ਦੀ ਮਿਆਦ ਮਾਰਚ ਮਹੀਨੇ ’ਚ ਵੱਖ-ਵੱਖ ਤਰੀਕਾਂ ਨੂੰ ਖ਼ਤਮ ਹੋ ਰਹੀ ਹੈ, ਜਦਕਿ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਕਾਰਜਕਾਲ ਮਈ ’ਚ ਖ਼ਤਮ ਹੋਣਾ ਹੈ। ਚੋਣ ਕਮਿਸ਼ਨ ਇਸ ਮਹੀਨੇ ਦੇ ਪਹਿਲੇ ਅੱਧ ’ਚ ਉਕਤ ਪੰਜ ਰਾਜਾਂ ਲਈ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਸਕਦਾ ਹੈ।

## ਦੇਸ਼ ਦੀ ਗਿਆਨ ਭਰਪੂਰ ਆਰਥਿਕਤਾ ਲਈ...

(ਸਫ਼ਾ 1 ਦੀ ਬਾਕੀ)

ਸੰਬੰਧੀ ਸਿਖਲਾਈ ਦੇਣਾ ਹੈ। ਉਨ੍ਹਾਂ ਕਿਹਾ ਕਿ ਇਹ ਪੁਲਾੜ ਕੇਂਦਰ ਅਗਲੇ 6 ਮਹੀਨਿਆਂ ’ਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਇਕ ਬਹੁ-ਮੰਤਵੀ ਆਧਾਰਿਤ ਨੈਨੋ-ਸੈਟੇਲਾਈਟ ਨੂੰ ਵਿਕਸਿਤ ਕਰਨ ਤੇ ਡਿਜ਼ਾਈਨ ਕਰਨ ਲਈ ਇਕ ਪਲੇਟਫਾਰਮ ਵਜੋਂ ਕੰਮ ਕਰੇਗਾ, ਜਿਸ ਨੂੰ ਇਸਰੋ ਦੁਆਰਾ ਸਾਲ 2022 ’ਚ ਲਾਂਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਸਟੂਡੈਂਟ ਸੈਟੇਲਾਈਟ ਦੇ ਲਾਂਚ ਹੋਣ ਨਾਲ ਪੰਜਾਬ ਪੁਲਾੜ ’ਚ ਆਪਣਾ ਸੈਟੇਲਾਈਟ ਸਥਾਪਤ ਕਰਨ ਵਾਲਾ ਭਾਰਤ ਦਾ ਪਹਿਲਾ ਸਰਹੱਦੀ ਸੂਬਾ ਬਣ ਜਾਵੇਗਾ। ਉਦਘਾਟਨੀ ਸਮਾਗਮ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ, ਚੰਡੀਗੜ੍ਹ ਯੂਨੀਵਰਸਿਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਪ੍ਰੋ. ਹਿਮਾਨੀ ਸੂਦ ਤੇ ਚੰਡੀਗੜ੍ਹ ਗਰੁੱਪ ਆਫ਼ ਕਾਲਜਜ਼ ਦੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਵੀ ਉਚੇਚੇ ਤੌਰ ’ਤੇ ਹਾਜ਼ਰ ਸਨ। ਇਸ ਮੌਕੇ ਵਿਸ਼ਵ ਦੀਆਂ ਚੋਟੀ ਦੀਆਂ ਬਹੁ-ਰਾਸ਼ਟਰੀ ਕੰਪਨੀਆਂ ’ਚ ਪਲੇਸਮੈਂਟ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵੀ ਰੱਖਿਆ ਮੰਤਰੀ ਵਲੋਂ ਆਫ਼ਰ ਲੈਟਰ ਪ੍ਰਦਾਨ ਕੀਤੇ ਗਏ। ਇਸ ਤੋਂ ਪਹਿਲਾਂ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਸਥਾਪਤ ਕੀਤੇ ਕਲਪਨਾ ਚਾਵਲਾ ਰਿਸਰਚ ਸੈਂਟਰ ਦੀ ਸ਼ਲਾਘਾ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਯਤਨਾਂ ਨਾਲ ਹੀ ਭਾਰਤ ਭਵਿੱਖ ਦੀਆਂ ਤਕਨਾਲੋਜੀਆਂ ’ਚ ਮੋਹਰੀ ਦੇਸ਼ ਬਣ ਕੇ ਉੱਭਰ ਸਕਦਾ ਹੈ। ਖੋਜ ਕੇਂਦਰ ਦੀ ਤੁਲਨਾ ਭਾਰਤ ਦੇ ਮਾਣ ਕਲਪਨਾ ਚਾਵਲਾ ਨਾਲ ਕਰਦੇ ਹੋਏ ਰੱਖਿਆ ਮੰਤਰੀ ਨੇ ਆਸ ਪ੍ਰਗਟਾਈ ਕਿ ਇਹ ਖੋਜ ਸਫ਼ਲਤਾ ਦੀਆਂ ਨਵੀਆਂ ਉਚਾਈਆਂ ਨੂੰ ਛੂਹੇਗੀ। ਰਾਜਨਾਥ ਸਿੰਘ ਨੇ ਪਿਛਲੇ ਕੁਝ ਸਾਲਾਂ ’ਚ ਖੋਜ ਤੇ ਨਵੀਨਤਾ, ਪਲੇਸਮੈਂਟ ਤੇ ਵਿਸ਼ਵ-ਵਿਆਪੀ ਰੈਂਕਿੰਗਾਂ ’ਚ ਵੱਡੀਆਂ ਪ੍ਰਾਪਤੀਆਂ ਦਰਜ ਕਰਵਾਉਣ ਲਈ ਚੰਡੀਗੜ੍ਹ ਯੂਨੀਵਰਸਿਟੀ ਦੀ ਸ਼ਲਾਘਾ ਕਰਦਿਆਂ ਇਨ੍ਹਾਂ ਪ੍ਰਾਪਤੀਆਂ ਨੂੰ ਸਿੱਖਿਆ ਦੇ ਖੇਤਰ ’ਚ ਨਿੱਜੀ ਖੇਤਰ ਦੀ ਵੱਧ ਰਹੀ ਗੁਣਵੱਤਾਪੂਰਨ ਸ਼ਮੂਲੀਅਤ ਦਾ ਪ੍ਰਤੀਕ ਦੱਸਿਆ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੀ ਸਿੱਖਿਆ ਤੇ ਵਿਗਿਆਨ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਉਣਾ ਹੈ ਤਾਂ ਦੇਸ਼ ਦੇ ਜਨਤਕ ਤੇ ਨਿੱਜੀ ਖੇਤਰ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ ਤੇ ਇਸ ਦਿਸ਼ਾ ’ਚ ਅਸੀਂ ਤੇਜ਼ੀ ਨਾਲ ਅੱਗੇ ਵੱਧ ਰਹੇ ਹਾਂ। ਦੇਸ਼ ਦੀ ਮਰਹੂਮ ਪੁਲਾੜ ਯਾਤਰੀ ਕਲਪਨਾ ਚਾਵਲਾ ਨੂੰ ਯਾਦ ਕਰਦਿਆਂ ਰੱਖਿਆ ਮੰਤਰੀ ਨੇ ਉਨ੍ਹਾਂ ਨੂੰ ਮਹਿਲਾ ਸਸ਼ਕਤੀਕਰਨ ਦਾ ਪ੍ਰਤੀਕ ਦੱਸਿਆ। ਚੰਡੀਗੜ੍ਹ ਯੂਨੀਵਰਸਿਟੀ ਦੇ ਮੰਚ ਤੋਂ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਨੂੰ ਅੱਗੇ ਵਧਣ ਦਾ ਮੌਕਾ ਦਿੰਦਿਆਂ ਬੇਅੰਤ ਉਚਾਈਆਂ ਨੂੰ ਛੂਹਣ ਲਈ ਪ੍ਰੇਰਿਤ ਕਰਨ। ਇਸ ਮੌਕੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਯੂਨੀਵਰਸਿਟੀ ਕੈਂਪਸ ’ਚ ਸਥਾਪਤ ਪੁਲਾੜ ਖੋਜ ਕੇਂਦਰ ਸੈਟੇਲਾਈਟ ਲਈ ਇਕ ਗਰਾਊਂਡ ਕੰਟਰੋਲ ਸਟੇਸ਼ਨ ਵਜੋਂ ਕੰਮ ਕਰੇਗਾ ਤੇ ਉਨ੍ਹਾਂ 28 ਦੇਸ਼ਾਂ ਨਾਲ ਸੰਚਾਰ ਕਾਇਮ ਕਰੇਗਾ, ਜੋ ਕਿ ਸੈਟੇਲਾਈਟ ਨੈੱਟਵਰਕ ਓਪਨ ਗਰਾਊਂਡ ਸਟੇਸ਼ਨ ਦਾ ਹਿੱਸਾ ਹਨ।

## ਓਮੀਕਰੋਨ ਦੇ 1700 ਮਾਮਲੇ

(ਸਫ਼ਾ 1 ਦੀ ਬਾਕੀ)

ਓਮੀਕਰੋਨ ਦੇ 120 ਮਾਮਲੇ ਦਰਜ ਕੀਤੇ ਗਏ ਹਨ। ਜੇਕਰ ਗੱਲ ਕੀਤੀ ਜਾਵੇ ਕੋਰੋਨਾ ਵਾਇਰਸ ਦੇ ਮਾਮਲਿਆਂ ਦੀ ਤਾਂ ਦੇਸ਼ ਭਰ ’ਚ ਕੋਵਿਡ-19 ਦੇ ਮਾਮਲਿਆਂ ਦਾ ਅੰਕੜਾ 33750 ਤਾਜ਼ਾ ਮਾਮਲਿਆਂ ਦੇ ਨਾਲ 3,49,22,882 ਤੱਕ ਪਹੁੰਚ ਚੁੱਕਾ ਹੈ, ਜਦਕਿ ਸਰਗਰਮ ਮਾਮਲਿਆਂ ਦੀ ਗਿਣਤੀ 1,45,582 ਹੋ ਗਈ ਹੈ। ਇਸ ਤੋਂ ਇਲਾਵਾ 123 ਹੋਰ ਮੌਤਾਂ ਨਾਲ ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 4,81,893 ਹੋ ਗਈ ਹੈ। ਇਸ ਸੰਬੰਧੀ ਕੇਂਦਰੀ ਸਿਹਤ ਮੰਤਰਾਲੇ ਨੇ ਦੱਸਿਆ ਕਿ 0.42 ਫੀਸਦੀ ਕੁੱਲ ਇਨਫੈਕਸ਼ਨ ਨਾਲ ਸਰਗਰਮ ਮਾਮਲੇ 1,45,582 ਤੱਕ ਪਹੁੰਚ ਗਏ ਹਨ, ਜਦਕਿ ਠੀਕ ਹੋਣ ਦੀ ਰਾਸ਼ਟਰੀ ਦਰ 98.20 ਫੀਸਦੀ ਦਰਜ ਕੀਤੀ ਗਈ ਹੈ।

### ਹਵਾ ਦੀ ਗੁਣਵੱਤਾ

| ਸ਼ਹਿਰ | ਸੂਚਕ ਅੰਕ |
|---|---|
| ਮੰਡੀ ਗੋਬਿੰਦਗੜ੍ਹ | 261 |
| ਖੰਨਾ | 239 |
| ਪਟਿਆਲਾ | 205 |
| ਰੂਪਨਗਰ | 177 |
| ਬਠਿੰਡਾ | 170 |
| ਲੁਧਿਆਣਾ | 122 |
| ਅੰਮ੍ਰਿਤਸਰ | 136 |
| ਜਲੰਧਰ | 124 |

## ਸ੍ਰੀਨਗਰ ’ਚ ਮੁਕਾਬਲੇ ਦੌਰਾਨ...

(ਸਫ਼ਾ 1 ਦੀ ਬਾਕੀ)

ਤੇ ਪਾਕਿ ਅੱਤਵਾਦੀ ਫਰਾਰ ਹੋਣ ’ਚ ਕਾਮਯਾਬ ਹੋ ਗਿਆ। ਪਰ ਉਸ ਨੂੰ ਫ਼ੌਜ ਦੀ 24 ਆਰ.ਆਰ., ਪੁਲਿਸ ਅਤੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਸ਼ਾਲੀਮਾਰ ਬਾਗ ਤੋਂ ਥੋੜ੍ਹੀ ਦੂਰ ਗਸੂ ਇਲਾਕੇ ’ਚ ਘੇਰ ਲਿਆ ਅਤੇ ਮੁਕਾਬਲੇ ਦੌਰਾਨ ਉਹ ਵੀ ਮਾਰਿਆ ਗਿਆ। ਕਸ਼ਮੀਰ ਰੇਂਜ ਦੇ ਆਈ.ਜੀ.ਪੀ. ਵਿਜੇ ਕੁਮਾਰ ਨੇ ਇਨ੍ਹਾਂ ਮੁਕਾਬਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਸ਼ਕਰ ਦਾ ਅਤਿ ਲੋੜੀਂਦਾ ਇਨਾਮੀ ਕਮਾਂਡਰ ਸਲੀਮ ਪਰੇ ਵਾਸੀ ਹਾਜਿਨ ਜ਼ਿਲ੍ਹਾ ਬਾਂਦੀਪੋਰਾ ਏ+ਸ਼੍ਰੇਣੀ ਦਾ ਅੱਤਵਾਦੀ ਸੀ, ਜੋ ਲੰਮੇ ਸਮੇਂ ਤੋਂ ਇਸ ਇਲਾਕੇ ’ਚ ਸਰਗਰਮ ਸੀ। ਸਲੀਮ ਪਰੇ ਦਰਜਨ ਤੋਂ ਵੱਧ ਨਾਗਰਿਕ ਹੱਤਿਆਵਾਂ ਲਈ ਜ਼ਿੰਮੇਵਾਰ ਸੀ। ਗਸੂ ਇਲਾਕੇ ’ਚ ਮਾਰੇ ਗਏ ਪਾਕਿਸਤਾਨੀ ਅੱਤਵਾਦੀ ਦੀ ਪਛਾਣ ਹਾਫਿਜ਼ ਉਰਫ ਹਮਜ਼ਾ ਵਜੋਂ ਹੋਈ ਹੈ, ਉਹ ਬਾਂਦੀਪੋਰਾ ’ਚ 2 ਪੁਲਿਸ ਮੁਲਾਜ਼ਮਾਂ ਦੀ ਹੋਈ ਹੱਤਿਆ ਦੇ ਮਾਮਲੇ ’ਚ ਸ਼ਾਮਿਲ ਸੀ।

## ਮੋਦੀ ਦਾ ਪੰਜਾਬ ਦੌਰਾ ਕੱਲ੍ਹ

(ਸਫ਼ਾ 1 ਦੀ ਬਾਕੀ)

ਨਿਰੰਤਰ ਯਤਨਾਂ ਸਦਕਾ ਪੰਜਾਬ ’ਚ ਕਈ ਰਾਸ਼ਟਰੀ ਰਾਜਮਾਰਗ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਸ ਦੇ ਨਤੀਜੇ ਵਜੋਂ ਸੂਬੇ ’ਚ ਰਾਸ਼ਟਰੀ ਰਾਜਮਾਰਗਾਂ ਦੀ ਕੁੱਲ ਲੰਬਾਈ 2014 ’ਚ ਲਗਪਗ 1700 ਕਿਲੋਮੀਟਰ ਤੋਂ ਵੱਧ ਕੇ 2021 ’ਚ 4100 ਕਿਲੋਮੀਟਰ ਤੋਂ ਜ਼ਿਆਦਾ ਹੋ ਗਈ ਹੈ। ਇਹ ਪ੍ਰਮੁੱਖ ਧਾਰਮਿਕ ਕੇਂਦਰਾਂ ਤੱਕ ਪਹੁੰਚ ਵਧਾਉਣ ਦੇ ਪ੍ਰਧਾਨ ਮੰਤਰੀ ਦੇ ਸੁਪਨੇ ਨੂੰ ਪੂਰਾ ਕਰਨ ਦੀ ਦਿਸ਼ਾ ’ਚ ਵੀ ਇਕ ਕਦਮ ਹੋਵੇਗਾ। ਲਗਪਗ 39,500 ਕਰੋੜ ਰੁਪਏ ਦੀ ਲਾਗਤ ਨਾਲ 669 ਕਿਲੋਮੀਟਰ ਲੰਬਾ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਵੇਅ ਤਿਆਰ ਕੀਤਾ ਜਾਵੇਗਾ ਅਤੇ ਇਸ ਨਾਲ ਦਿੱਲੀ ਤੋਂ ਅੰਮ੍ਰਿਤਸਰ ਤੇ ਦਿੱਲੀ ਤੋਂ ਕਟੜਾ ਜਾਣ ’ਚ ਲੱਗਣ ਵਾਲਾ ਸਮਾਂ ਅੱਧਾ ਰਹਿ ਜਾਵੇਗਾ। ਗ੍ਰੀਨਫੀਲਡ ਐਕਸਪ੍ਰੈੱਸ ਵੇਅ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਤਰਨ ਤਾਰਨ ਅਤੇ ਕਟੜਾ ’ਚ ਵੈਸ਼ਨੋ ਦੇਵੀ ਨੂੰ ਆਪਸ ’ਚ ਜੋੜੇਗਾ। ਐਕਸਪ੍ਰੈੱਸ ਵੇਅ ਮੁੱਖ ਆਰਥਿਕ ਕੇਂਦਰਾਂ ਅੰਬਾਲਾ, ਚੰਡੀਗੜ੍ਹ, ਮੁਹਾਲੀ, ਸੰਗਰੂਰ, ਪਟਿਆਲਾ, ਲੁਧਿਆਣਾ, ਜਲੰਧਰ, ਕਪੂਰਥਲਾ, ਕਠੂਆ ਤੇ ਸਾਂਬਾ ਨੂੰ ਵੀ ਜੋੜੇਗਾ।

### ਅੰਮ੍ਰਿਤਸਰ-ਊਨਾ ਸੈਕਸ਼ਨ

ਅੰਮ੍ਰਿਤਸਰ-ਊਨਾ ਸੈਕਸ਼ਨ ਨੂੰ ਚਾਰ ਮਾਰਗੀ ਕਰਨ ਦਾ ਕੰਮ 1700 ਕਰੋੜ ਦੀ ਲਾਗਤ ਨਾਲ ਕੀਤਾ ਜਾਵੇਗਾ। 77 ਕਿਲੋਮੀਟਰ ਲੰਬਾ ਸੈਕਸ਼ਨ ਉੱਤਰੀ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਲੰਬਕਾਰੀ ਵਿਸਥਾਰ ’ਚ ਫੈਲੇ ਅੰਮ੍ਰਿਤਸਰ ਤੋਂ ਭੋਟਾ ਗਲਿਆਰੇ ਦਾ ਹਿੱਸਾ ਹੈ, ਜੋ ਚਾਰ ਪ੍ਰਮੁੱਖ ਰਾਸ਼ਟਰੀ ਰਾਜਮਾਰਗਾਂ ਅੰਮ੍ਰਿਤਰ-ਬਠਿੰਡਾ-ਜਾਮਨਗਰ ਆਰਥਿਕ ਗਲਿਆਰਾ, ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ, ਉੱਤਰੀ-ਦੱਖਣੀ ਗਲਿਆਰਾ ਅਤੇ ਕਾਂਗੜਾ-ਹਮੀਰਪੁਰ-ਬਿਲਾਸਪੁਰ-ਸ਼ਿਮਲਾ ਗਲਿਆਰੇ ਨੂੰ ਜੋੜਦਾ ਹੈ। ਇਹ ਘੁਮਾਣ ’ਚ ਸ੍ਰੀ ਹਰਿਗੋਬਿੰਦਪੁਰ ਅਤੇ ਗੁਰਦੁਆਰਾ ਪੁਲਪੁਖਤਾ ਸਾਹਿਬ ਵਿਚਕਾਰ ਧਾਰਮਿਕ ਸਥਾਨਾਂ ਦੇ ਸੰਪਰਕ ਨੂੰ ਬਿਹਤਰ ਬਣਾਉਣ ’ਚ ਮਦਦ ਕਰੇਗਾ।

### ਮੁਕੇਰੀਆਂ-ਤਲਵਾੜਾ ਰੇਲਵੇ ਲਾਈਨ

ਪ੍ਰਧਾਨ ਮੰਤਰੀ ਮੋਦੀ 410 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ 27 ਕਿਲੋਮੀਟਰ ਲੰਬੀ ਮੁਕੇਰੀਆਂ-ਤਲਵਾੜਾ ਨਵੀਂ ਚੌੜੀ ਗੇਜ ਰੇਲਵੇ ਲਾਈਨ ਦਾ ਨੀਂਹ ਪੱਥਰ ਵੀ ਰੱਖਣਗੇ। ਰੇਲਵੇ ਲਾਈਨ ਨੰਗਲ ਡੈਮ-ਦੌਲਤਪੁਰ ਚੌਕ ਰੇਲਵੇ ਸਟੇਸ਼ਨ ਦਾ ਵਿਸਥਾਰ ਹੋਵੇਗੀ ਅਤੇ ਇਲਾਕੇ ’ਚ ਆਵਾਜਾਈ ਦਾ ਹਰ ਮੌਸਮ ’ਚ ਸਾਧਨ ਉਪਲਬਧ ਕਰਵਾਏਗੀ। ਇਹ ਪ੍ਰਾਜੈਕਟ ਰਣਨੀਤਕ ਅਹਿਮੀਅਤ ਵੀ ਰੱਖਦਾ ਹੈ, ਕਿਉਂਕਿ ਇਹ ਮੁਕੇਰੀਆਂ ’ਚ ਮੌਜੂਦਾ ਜਲੰਧਰ-ਜੰਮੂ ਰੇਲਵੇ ਲਾਈਨ ਨਾਲ ਜੁੜ ਕੇ ਜੰਮੂ-ਕਸ਼ਮੀਰ ਲਈ ਇਕ ਬਦਲਵੇਂ ਮਾਰਗ ਦੇ ਰੂਪ ’ਚ ਕੰਮ ਕਰੇਗੀ। ਇਹ ਪ੍ਰਾਜੈਕਟ ਪੰਜਾਬ ਦੇ ਹੁਸ਼ਿਆਰਪੁਰ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਦੇ ਲੋਕਾਂ ਲਈ ਵਿਸ਼ੇਸ਼ ਤੌਰ ’ਤੇ ਕਾਫੀ ਲਾਹੇਵੰਦ ਸਾਬਤ ਹੋਵੇਗਾ। ਇਹ ਇਲਾਕੇ ’ਚ ਸੈਰ-ਸਪਾਟੇ ਨੂੰ ਹੁਲਾਰਾ ਦੇਵੇਗਾ ਅਤੇ ਪਹਾੜੀ ਸਟੇਸ਼ਨਾਂ ਦੇ ਨਾਲ-ਨਾਲ ਧਾਰਮਿਕ ਸਥਾਨਾਂ ਲਈ ਸੰਪਰਕ ਦੀ ਸਹੂਲਤ ਪ੍ਰਦਾਨ ਕਰੇਗਾ।

### ਹੁਸ਼ਿਆਰਪੁਰ ਤੇ ਕਪੂਰਥਲਾ ’ਚ ਮੈਡੀਕਲ ਕਾਲਜ

ਦੇਸ਼ ਭਰ ’ਚ ਵਿਸ਼ਵ ਪੱਧਰੀ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਦੀ ਕੋਸ਼ਿਸ਼ ਵਜੋਂ ਪੰਜਾਬ ਦੇ ਤਿੰਨ ਸ਼ਹਿਰਾਂ ’ਚ ਨਵੇਂ ਮੈਡੀਕਲ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਫਿਰੋਜ਼ਪੁਰ ਵਿਖੇ 100 ਬਿਸਤਰਿਆਂ ਵਾਲਾ ਪੀ.ਜੀ.ਆਈ. ਸੈਟੇਲਾਈਟ ਸੈਂਟਰ 490 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਜਾਵੇਗਾ। ਕਪੂਰਥਲਾ ਤੇ ਹੁਸ਼ਿਆਰਪੁਰ ’ਚ 100 ਸੀਟਾਂ ਦੀ ਸਮਰੱਥਾ ਵਾਲੇ ਦੋ ਮੈਡੀਕਲ ਕਾਲਜ 325 ਕਰੋੜ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ। ਇਨ੍ਹਾਂ ਕਾਲਜਾਂ ਨੂੰ ਕੇਂਦਰੀ ਸਪਾਂਸਰ ਯੋਜਨਾ ਦੇ ਤੀਸਰੇ ਪੜਾਅ ’ਚ ਪ੍ਰਵਾਨਗੀ ਦਿੱਤੀ ਗਈ ਹੈ। ਇਸ ਯੋਜਨਾ ਤਹਿਤ ਪੰਜਾਬ ਲਈ ਕੁੱਲ ਤਿੰਨ ਮੈਡੀਕਲ ਕਾਲਜ ਮਨਜ਼ੂਰ ਕੀਤੇ ਗਏ ਹਨ। ਪਹਿਲੇ ਪੜਾਅ ’ਚ ਮਨਜ਼ੂਰਸ਼ੁਦਾ ਐਸ.ਏ.ਐਸ. ਨਗਰ ਵਿਚਲਾ ਕਾਲਜ ਪਹਿਲਾਂ ਹੀ ਚਾਲੂ ਹੈ।




ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

ਭੋਗ ਅਤੇ ਅੰਤਿਮ ਅਰਦਾਸ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪਰਮ ਸਤਿਕਾਰਯੋਗ ਸਰਦਾਰ ਨਿਰਮਲ ਸਿੰਘ ਢਿੱਲੋਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਮਿਤੀ 06.01.2022 ਦਿਨ ਵੀਰਵਾਰ ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰਾਭਾ ਨਗਰ ਲੁਧਿਆਣਾ ਵਿਖੇ ਹੋਵੇਗੀ। ਆਪ ਜੀ ਨੇ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਸਰਦਾਰ ਨਿਰਮਲ ਸਿੰਘ ਢਿੱਲੋਂ

ਦੁਖੀ ਹਿਰਦੇ :
ਸ੍ਰ: ਪੁਨੀਤਪਾਲ ਸਿੰਘ ਢਿੱਲੋਂ (ਪੋਤਰਾ) - ਸ੍ਰ: ਲਖਵਿੰਦਰ ਹਰਵੰਤ ਸਿੰਘ ਢਿੱਲੋਂ (ਸਪੁੱਤਰ)
ਅਤੇ ਸਮੂਹ ਢਿੱਲੋਂ ਪਰਿਵਾਰ

Mobile : 09915369499, 9417790702



ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਗਿਆਨੀ ਨਿਰਮਲ ਸਿੰਘ (ਪੁੱਤਰ ਸਵ. ਰਾਗੀ ਭਾਈ ਲਾਲ ਸਿੰਘ ਅਲਮਸਤ ਛੀਨੀਵਾਲ ਕਲਾਂ) ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ ਮਿਤੀ 6 ਜਨਵਰੀ, 2022, ਦਿਨ ਵੀਰਵਾਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਬਾਬਾ ਗਾਂਧਾ ਸਿੰਘ, ਬਰਨਾਲਾ ਵਿਖੇ ਪਵੇਗਾ। ਆਪ ਜੀ ਨੇ ਅੰਤਿਮ ਅਰਦਾਸ ਮੌਕੇ ਸ਼ਾਮਿਲ ਹੋਣ ਦੀ ਕਿਰਪਾਲਤਾ ਕਰਨੀ ਜੀ।

ਦੁਖੀ ਹਿਰਦੇ :
ਮਨਿੰਦਰਪਾਲ ਕੌਰ-ਰਾਮਦਿਆਲ ਸਿੰਘ (ਧੀ-ਜਵਾਈ)
ਜਸਹਰਨੂਰਜੋਤ ਸਿੰਘ (ਦੋਹਤਾ)
ਸਮੂਹ ਪਰਿਵਾਰ ਤੇ ਰਿਸ਼ਤੇਦਾਰ।
ਸੰਪਰਕ : 83602-74670, 99151-87872



ਗਿਆਨੀ ਨਿਰਮਲ ਸਿੰਘ
ਨੋਟ: ਵੱਖਰੇ ਕਾਰਡ ਨਹੀਂ ਭੇਜੇ ਜਾ ਰਹੇ।





ॐ ।। सर्व शक्तिमते परमात्मने श्री रामाय नमः ।। ॐ
आपको बड़े दुखी हृदय से सूचित किया जाता है कि हमारी पूज्य माता जी
श्रीमति सत्या बती जिंदल जी
(धर्मपत्नी स्व: श्री फकीर चन्द जिंदल जी)
जो कि तिथि 25–12–2021 दिनांक शनिवार को प्रभु चरणों में विलीन हो गयीं है। उनकी आत्मिक शांति हेतु
श्री गरूड़ पुराण के पाठ का भोग एवं रस्म पगडी
तिथि 05–01–2022 दिनांक बुधवार को बाद दुपि: 1:00 से 2:00 बजे तक मदिंर शिवाला खाम (तलाब वाला), रायेकोट में सम्पन्न होगी।
शोकग्रस्त: समस्त जिंदल परिवार
RAIKOT GAS AGENCY M: 94171-73959, 92168-73959
Prolabels Private Limited NOIDA M: 99719-90839



ਸੰਪਾਦਕ-ਰਾਜਿੰਦਰ ਸਿੰਘ। ਸ੍ਰੀਮਤੀ ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Smt. Parkash Kaur Hamdard. Printed for Sadhu Singh Hamdard Trust at Daily Ajit Printers, Nehru Garden Road Jalandhar
RNI Regd. No:- 7107/59


CMYK